## ਸਾਨੂੰ ਆਪਣੇ ਬਾਰੇ ਦੱਸਣ ਦਿਉ!



ਬਿਲਡਿੰਗ ਬਲੌਕਸ ਵੈਨਕੂਵਰ ਹਰ ਮਹੀਨੇ ਔਸਤਨ 130 ਪਰਿਵਾਰਾਂ ਨੂੰ ਭਰਪੂਰ ਸੇਵਾਵਾਂ ਦਿੰਦਾ ਹੈ ਅਤੇ ਲੰਮੇ-ਸਮੇਂ ਲਈ ਮਦਦ ਦੀ ਵਿਲੱਖਣ ਸਰਵਿਸ ਪੇਸ਼ ਕਰਦਾ ਹੈ।

ਸਾਡੀ ਟੀਮ ਇਨ੍ਹਾਂ ਤੋਂ ਬਣੀ ਹੋਈ ਹੈ:

- ਫੈਮਿਲੀ ਸਪੋਰਟ ਹੋਮ ਵਿਜ਼ਟਰਜ਼;
- ਪਬਲਿਕ ਹੈਲਥ ਨਰਸਾਂ;
- ਸੋਸ਼ਲ ਵਰਕ ਸਲਾਹਕਾਰ; ਅਤੇ
- ਪ੍ਰੋਗਰਾਮ ਮੈਨੇਜਰ

### ਸਵੈ-ਰੈਫਰਲ ਦਾ ਸੁਆਗਤ ਹੈ

**ਬਿਲਡਿੰਗ ਬਲੌਕਸ ਮੁਫਤ ਹੈ, ਲੈਣਾ ਮਰਜ਼ੀ ਹੈ, ਅਤੇ ਗੁਪਤ ਹੈ।**

MOSAIC is accredited by CARF
(the Commission on Accreditation of Rehabilitation Facilities).

## ਦਫਤਰਾਂ ਦੇ ਸਥਾਨ

ਫੈਮਿਲੀ ਸਪੋਰਟ ਹੋਮ ਵਿਜ਼ਟਰਜ਼ ਇੱਥੋਂ ਸਹਾਇਤਾ ਕਰਦੇ ਹਨ:

ਮੋਜ਼ੈਕ
1720 ਗਰਾਂਟ ਸਟਰੀਟ
ਵੈਨਕੂਵਰ

ਮਾਉਂਟ ਪਲੈਜ਼ੈਂਟ
ਨੇਬਰਹੁੱਡ ਹਾਊਸ
800 ਈਸਟ ਬਰੌਡਵੇਅ
ਵੈਨਕੂਵਰ

ਸਾਊਥ ਵੈਨਕੂਵਰ
ਨੇਬਰਹੁੱਡ ਹਾਊਸ
6470 ਵਿਕਟੋਰੀਆ ਡਰਾਈਵ
ਵੈਨਕੂਵਰ

ਹੇਠਾਂ ਲਿਖੀਆਂ ਏਜੰਸੀਆਂ ਦੀ ਭਾਈਵਾਲੀ ਨਾਲ:

MPNH

SVNH

Vancouver CoastalHealth
*Promoting wellness. Ensuring care.*

ਫੰਡ ਮਨਿਸਟਰੀ ਫਾਰ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ (ਐੱਮ ਸੀ ਐੱਫ ਡੀ) ਤੋਂ ਮਿਲੇ

©MOSAIC May 2011 Printed: 08/11

MOSAIC

MOSAIC
MOUNT PLEASANT NEIGHBOURHOOD HOUSE
SOUTH VANCOUVER NEIGHBOURHOOD HOUSE

# ਬਿਲਡਿੰਗ ਬਲੌਕਸ ਵੈਨਕੂਵਰ ਪ੍ਰੋਗਰਾਮ



ਕਮਿਉਨਟੀ ਨੂੰ ਬਿਹਤਰ ਬਣਾਉਣ ਵਿਚ ਮਦਦ ਕਰਨ ਲਈ ਇਮੀਗਰਾਂਟਾਂ ਅਤੇ ਰਫਿਊਜੀਆਂ ਨੂੰ 30 ਸਾਲਾਂ ਤੋਂ ਵੀ ਜ਼ਿਆਦਾ ਸਮੇਂ ਤੋਂ ਸਮਰੱਥ ਬਣਾਉਂਦੇ ਹੋਏ

## ਬਿਲਡਿੰਗ ਬਲੌਕਸ ਕੀ ਹੈ?

ਮੋਜ਼ੈਕ ਦਾ ਬਿਲਡਿੰਗ ਬਲੌਕਸ ਵੈਨਕੂਵਰ, ਪਹਿਲੀ ਵਾਰ ਮਾਪੇ ਬਣਨ ਵਾਲੇ ਅਸੁਰੱਖਿਅਤ ਮਾਪਿਆਂ ਲਈ ਮੁਢਲੀ ਦਖਲਅੰਦਾਜ਼ੀ ਕਰਨ ਵਾਲਾ ਘਰ-ਆਧਾਰਿਤ ਸਹਾਇਤਾ ਦਾ ਪ੍ਰੋਗਰਾਮ ਹੈ ਜੋ ਕਿ ਬਚਪਨ ਵਿਚ ਸਿਹਤਮੰਦ ਵਿਕਾਸ ਨੂੰ ਉਤਸ਼ਾਹ ਦਿੰਦਾ ਹੈ ਅਤੇ ਪਰਿਵਾਰ ਦੀ ਕਾਰਜ ਕੁਸ਼ਲਤਾ ਨੂੰ ਨਿਖਾਰਦਾ ਹੈ।

ਸਾਡਾ ਨਿਸ਼ਾਨਾ ਲਗਾਤਾਰ ਚੱਲਣ ਵਾਲੀ ਸਭ ਤੋਂ ਵਧੀਆ ਸਰਵਿਸ ਪ੍ਰਦਾਨ ਕਰਕੇ ਪਰਿਵਾਰਾਂ ਦੀਆਂ ਲੋੜਾਂ ਪੂਰਾ ਕਰਨਾ ਹੈ - ਜਦ ਤੱਕ ਉਹ ਵਧ ਫੁਲ ਨਹੀਂ ਜਾਂਦੇ ਜਾਂ ਉਨ੍ਹਾਂ ਦਾ ਪੈਦਾ ਹੋਇਆ ਪਹਿਲਾ ਬੱਚਾ ਪੰਜ ਸਾਲ ਦਾ ਨਹੀਂ ਹੋ ਜਾਂਦਾ।

ਬਿਲਡਿੰਗ ਬਲੌਕਸ ਦੇ ਫੈਮਿਲੀ ਸਪੋਰਟ ਹੋਮ ਵਿਜ਼ਟਰਜ਼ ਤਜਰਬੇਕਾਰ ਹਨ ਅਤੇ ਇਹ ਜ਼ਬਾਨਾਂ ਬੋਲਦੇ ਹਨ:

- ਕੈਂਟੋਨੀਜ਼
- ਅੰਗਰੇਜ਼ੀ
- ਹਿੰਦੀ
- ਟੈਗਾਲੌਗ
- ਮੈਂਡਾਰਿਨ
- ਕੋਰੀਅਨ
- ਸਪੈਨਿਸ਼
- ਪੰਜਾਬੀ
- ਵੀਅਤਨਾਮੀ
- ਉਰਦੂ

**ਸਾਡੇ ਤਜਰਬੇਕਾਰ ਅਤੇ ਦੋਸਤਾਨਾ ਫੈਮਿਲੀ ਸਪੋਰਟ ਹੋਮ ਵਿਜ਼ਟਰਜ਼ ਇਸ ਰਾਹ ਵਿਚ ਤੁਹਾਡੀ ਮਦਦ ਕਰਦੇ ਹਨ!**

### ਰੈਫਰਲ ਭੇਜਣ ਤੋਂ ਪਹਿਲਾਂ, ਕਿਰਪਾ ਕਰਕੇ ਇਨ੍ਹਾਂ ਗੱਲਾਂ ਨੂੰ ਵਿਚਾਰੋ:

*ਕੀ ਇਹ ਪਹਿਲੀ ਵਾਰ ਬਣਿਆ ਮਾਪਾ ਹੈ?*

*ਕੀ ਬੱਚਾ ਛੇ ਮਹੀਨੇ ਤੋਂ ਘੱਟ ਉਮਰ ਦਾ ਹੈ?*

*ਕੀ ਪਰਿਵਾਰ ਵੈਨਕੂਵਰ ਵਿਚ ਰਹਿੰਦਾ ਹੈ?*

*ਕੀ ਪਰਿਵਾਰ ਨੇ ਰੈਫਰਲ ਲਈ ਸਹਿਮਤੀ ਦਿੱਤੀ ਹੈ?*

*ਕੀ ਪਰਿਵਾਰ ਨੂੰ ਫੈਮਿਲੀ ਸਪੋਰਟ ਹੋਮ ਵਿਜ਼ਟਰ ਤੋਂ ਫਾਇਦਾ ਹੋਵੇਗਾ?*

## ਮੋਜ਼ੈਕ ਨੂੰ ਬਿਲਡਿੰਗ ਬਲੌਕਸ ਪ੍ਰੋਗਰਾਮ ਦੇਣ ਦਾ ਮਾਣ ਹੈ

*"ਤੁਸੀਂ ਦਿਆਲੂ, ਕੋਮਲ, ਕਬੂਲ ਕਰਨ ਵਾਲੇ, ਸਮਝਣ ਵਾਲੇ, ਗਿਆਨਵਾਨ ਅਤੇ ਨਿੱਘੇ ਦਿਲ ਵਾਲੇ ਹੋ...ਮੈਨੂੰ ਪੂਰੀ ਉਮੀਦ ਹੈ ਕਿ ਇਹ ਬਿਲਡਿੰਗ ਬਲੌਕਸ ਪ੍ਰੋਗਰਾਮ ਬਹੁਤ ਸਾਰੇ ਸਾਲਾਂ ਤੱਕ ਜਾਰੀ ਰਹੇਗਾ"*

—ਬਿਲਡਿੰਗ ਬਲੌਕਸ ਦਾ ਗਰੈਜੂਏਟ ਹੋਇਆ ਪਰਿਵਾਰ

## ਰੈਫਰਲ

ਜੇ ਪਰਿਵਾਰ ਜਾਂ ਵਿਅਕਤੀ ਕਸੌਟੀ 'ਤੇ ਖਰਾ ਉਤਰਦਾ ਹੈ ਤਾਂ ਮੋਜ਼ੈਕ ਦੇ ਬਿਲਡਿੰਗ ਬਲੌਕਸ ਵੈਨਕੂਵਰ ਪ੍ਰੋਗਰਾਮ ਨਾਲ ਸੰਪਰਕ ਕਰੋ।

ਕਿਰਪਾ ਕਰਕੇ ਇਹ ਗੱਲ ਨੋਟ ਕਰੋ ਕਿ ਰੈਫਰਲ ਦਾ ਮਤਲਬ ਇਹ ਨਹੀਂ ਹੈ ਕਿ ਫੈਮਿਲੀ ਸਪੋਰਟ ਹੋਮ ਵਿਜ਼ਟਰ ਆਪਣੇ ਆਪ ਨਿਯੁਕਤ ਕਰ ਦਿੱਤਾ ਜਾਵੇਗਾ। ਜੇ ਪਰਿਵਾਰ ਪ੍ਰੋਗਰਾਮ ਲਈ ਢੁਕਵਾਂ ਨਾ ਹੋਵੇ ਤਾਂ ਅਸੀਂ ਹੋਰ ਮਦਦ/ਰੈਫਰਲ ਲੱਭਣ ਵਿਚ ਪਰਿਵਾਰ ਦੀ ਮਦਦ ਕਰਾਂਗੇ।

ਰੈਫਰਲ ਫਾਰਮ ਔਨਲਾਈਨ ਲਏ ਜਾ ਸਕਦੇ ਹਨ:

www.mosaicbc.com/family-programs/parents/building-blocks-vancouver*

ਜਾਂ ਸਾਡੇ ਨਾਲ ਸੰਪਰਕ ਕਰੋ:

*ਟੈਲੀਫੋਨ:*
604-254-9626

ਜਾਂ

*ਫੈਕਸ:*
604-254-9636

*ਭਰੇ ਹੋਏ ਫਾਰਮ ਫੈਕਸ ਕੀਤੇ ਜਾ ਸਕਦੇ ਹਨ।